ਮੌਜੂਦਾ ਜੰਗ ਜ਼ਿੰਦਗੀ ਦੇ ਹਰ ਭਾਗ ਉੱਤੇ ਆਪਣਾ ਅਸਰ ਪਾ ਰਹੀ ਹੈ। ਸਾਹਿਤ ਵੀ ਇਸ ਤੋਂ ਅਛੂਹ ਨਹੀਂ ਰਹਿ ਸਕਦਾ। ਹੁਲਾਰਾ ਦੇ ਕੇ ਸੁਲਾਣ ਵਾਲਾ ਨਹੀਂ, ਸਗੋਂ ਹਲੂਣਾ ਦੇ ਕੇ ਜਗਾਣ ਵਾਲਾ ਜੀਊਂਦਾ ਸਾਹਿਤ ਪੈਦਾ ਹੋ ਰਿਹਾ ਹੈ।

ਅਜ ਜਾਪਾਨ ਹਿੰਦੁਸਤਾਨ ਦੇ ਦਰਵਾਜ਼ੇ ਤੇ ਖਲੋਤਾ ਹੈ ਤੇ ਟੈਗੋਰ ਦੀ ਧਰਤੀ ਦੁਸ਼ਮਣ ਦੀ ਬੰਬ-ਬਾਰੀ ਕਰਕੇ ਸਾਡੇ ਹਜ਼ਾਰਾਂ ਹਮ-ਵਤਨਾਂ ਦੇ ਖ਼ੂਨ ਨਾਲ ਰੰਗੀ ਜਾ ਚੁਕੀ ਹੈ। ਪਤਾ ਨਹੀਂ, ਸਾਡੇ ਬਚਿਆਂ ਤੇ ਸਾਡੀਆਂ ਮਾਵਾਂ ਭੈਣਾਂ ਨੂੰ ਕਿਨ੍ਹਾਂ ਕਿਨ੍ਹਾਂ ਮੁਸ਼ਕਲਾਂ, ਕਸ਼ਟਾਂ ਅਤੇ ਜ਼ੁਲਮਾਂ ਦਾ ਮੁਕਾਬਲਾ ਕਰਨਾ ਪਏ। ਇਹ ਖ਼ਿਆਲ ਆਉਂਦਾ ਹੈ ਤਾਂ ਚੀਨ ਤੇ ਰੂਸ ਦੇ ਬਚਿਆਂ ਅਤੇ ਇਸਤ੍ਰੀਆਂ ਦੀਆਂ ਤਸਵੀਰਾਂ ਸਾਡੀਆਂ ਅੱਖਾਂ ਅਗੇ ਆ ਖਲੋਂਦੀਆਂ ਹਨ। ਸਾਡਾ ਦੇਸ਼ ਵੀ ਲੱਖਾਂ ਦੀ ਗਿਣਤੀ ਵਿਚ ਕਸੀਨੀਆ ਤੇ ਪੋਲੀਆ ਵਰਗੀਆਂ ਜਾਂ-ਨਿਸਾਰ ਧੀਆਂ ਅਤੇ ਵਾਨਿਆ ਵਰਗੇ ਬਹਾਦਰ ਪੁੱਤਰ ਪੈਦਾ ਕਰੇਗਾ।

ਇਹ ਕਹਾਣੀਆਂ ਰੂਸੀ ਹਨ, ਪਰ ਸਾਰੀ ਦੁਨੀਆ ਦੀਆਂ ਸਾਂਝੀਆਂ ਹਨ। ਇਹ ਸਾਡੇ ਹਮਵਤਨਾਂ ਨੂੰ ਟੁੰਬਣਗੀਆਂ, ਪ੍ਰੇਰਨਾ ਦੇਣਗੀਆਂ, ਕੁਝ ਕਰ ਗੁਜ਼ਰਨ ਲਈ ਤਿਆਰ ਕਰਨਗੀਆਂ। ਪੰਜਾਬੀ ਵਿਚ ਅਨੁਵਾਦ ਕਰਨ ਤੋਂ ਸਾਡਾ ਮਨੋਰਥ ਸਿਰਫ ਇਹੋ ਹੈ। ਇਸ ਤੋਂ ਪਹਿਲਾਂ 'ਸੋਵੀਅਟ ਰੂਸ ਦੀਆਂ ਬਹਾਦਰ ਕੁੜੀਆਂ' ਵੀ ਪੰਜਾਬੀ ਵਿਚ ਅਨੁਵਾਦ ਹੋ ਚੁਕੀ ਹੈ।

ਸਿਵਾਏ ਆਖਰੀ ਨਾਟਕ 'ਬਦਲਾ' ਦੇ ਬਾਕੀ ਸਭ ਕਹਾਣੀਆਂ ਐਕਟਿਵਿਟੀ ਸਕੂਲ ਦੇ ਬਚਿਆਂ ਨੇ ਤਰਜਮਾਂ ਕੀਤੀਆਂ ਹਨ।

ਪ੍ਰੀਤ ਨਗਰ
੨੯-੫-੪੩

'ਸਹਿਰਾਈ'

ਕਹਾਣੀ	ਅਨੁਵਾਦਿਕ
ਇਕ ਭਿਆਨਕ ਰਾਤ	ਹਰਭਜਨ
ਕਸੀਨੀਆ	ਪ੍ਰਤੀਮਾ
ਵਾਨਿਆ	ਵਾਸ ਦੇਵ
ਬੁਲਬੁਲ ਦਾ ਗੀਤ	ਤ੍ਰੈਭਵਨ
ਕਾਸਕ ਇਸਤ੍ਰੀਆਂ	ਪ੍ਰਤੀਮਾ
ਇਕ ਟੱਬਰ	ਰਾਜਪਾਲ
ਪੋਲੀਆ	ਸਵਰਨ
ਨੰਨ੍ਹਾ ਇਨਕਲਾਬੀ	ਪ੍ਰਤੀਮਾ
ਬਦਲਾ	.....

ਇਕ ਭਿਆਨਕ ਰਾਤ

ਜਦ ਉਹ ਘਰੋਂ ਕੱਢ ਦਿੱਤੇ ਗਏ ਤਾਂ ਉਹ ਪੰਜ ਜਣੇ ਸਨ, ਇਕ ਦਸ ਸਾਲਾਂ ਦੀ ਕੁੜੀ ਜ਼ੋਇਆ, ਉਹਦੀ ਮਾਂ ਅਤੇ ਉਹਦੇ ਤਿੰਨ ਭਰਾ, ਜਿਨ੍ਹਾਂ 'ਚੋਂ ਦੋ, ਤਿੰਨ ਤੇ ਪੰਜ ਸਾਲ ਦੇ ਸਨ, ਜਿਨ੍ਹਾਂ ਨੂੰ ਮਾਂ ਨੇ ਗੋਦੀ ਚੁਕਿਆ ਹੋਇਆ ਸੀ ਅਤੇ ਤੀਜਾ ਜਿਹੜਾ ਅਜੇ ਬਿਲਕੁਲ ਛੋਟਾ ਬੱਚਾ ਸੀ, ਉਸ ਨੂੰ ਜ਼ੋਇਆ ਨੇ ਚੁਕਿਆ ਹੋਇਆ ਸੀ।

ਉਹ ਰਾਤ ਬੜੀ ਠੰਢੀ ਸੀ, ਟੈਮਪਰੇਚਰ ਸਿਫ਼ਰ ਤੋਂ ਵੀ ੧੫ ਦਰਜੇ ਥੱਲੇ ਸੀ। ਚੌਂਹ ਪਾਸੀਂ ਬਰਫ਼ ਹੀ ਬਰਫ਼ ਪਈ ਸੀ। ਅਜਿਹੀਆਂ ਰਾਤਾਂ ਨੂੰ ਲੋਕ ਨਿੱਘੇ ਕਮਰਿਆਂ 'ਚ ਬਹਿ ਕੇ ਅੱਗਾਂ ਸੇਕਦੇ ਹਨ।

ਜ਼ੋਇਆ ਦੇ ਘਰ ਵੀ ਅੱਗ ਭਖ਼ੀ ਹੋਈ ਸੀ ਅਤੇ ਨਿੱਕੇ ਬਾਲ ਆਰਾਮ ਨਾਲ ਸੌਂ ਰਹੇ ਸਨ। ਏਨੇ ਨੂੰ ਜਰਮਨ ਫ਼ੌਜੀ ਅੰਦਰ ਘੁਸ ਆਏ ਅਤੇ ਸਭਨਾਂ ਨੂੰ ਬਾਹਰ ਨਿਕਲਣ ਦਾ ਹੁਕਮ ਦੇ ਦਿੱਤਾ। ਜ਼ੋਇਆ ਤੇ ਉਸਦੀ ਮਾਂ ਮੀਟੇ ਬੁਲ੍ਹਾਂ ਨਾਲ ਆਪਣੇ ਘਰ ਨੂੰ ਛਡ ਕੇ ਬਾਹਰ ਨਿਕਲ ਆਈਆਂ।

ਤੋਪ ਦੇ ਗੋਲਿਆਂ ਦੇ ਫਟਣ ਦੀ ਆਵਾਜ਼ ਅਤੇ ਇਨ੍ਹਾਂ ਦੀ ਚਮਕਦਾਰ ਰੋਸ਼ਨੀ ਤੋਂ ਇੰਜ ਜਾਪਦਾ ਸੀ ਕਿ ਆਸਮਾਨ ਫਟ ਰਿਹਾ ਹੈ। ਹਵਾ ਏਨੇ ਜ਼ੋਰ ਨਾਲ ਵਗ ਰਹੀ ਸੀ ਕਿ ਪੈਰ ਧਰਤੀ ਤੋਂ ਉਖੜ ਉਖੜ ਪੈਂਦੇ ਸਨ। ਮਾਂ ਦੋਹਾਂ ਬੱਚਿਆਂ ਨੂੰ ਚੁਕੀ ਹੌਲੀ ਹੌਲੀ ਪੈਰ ਪੁਟ ਰਹੀ ਸੀ। ਜ਼ੋਇਆ ਦੇ ਹੱਥ ਬਰਫਾਨੀ ਠੰਢ ਨਾਲ ਬਿਲਕੁਲ ਸੁੰਨ ਹੋ ਗਏ, ਅਤੇ ਨਿੱਕਾ ਬੱਚਾ ਬਿਲਕੁਲ ਚੁਪ ਜਿਹਾ ਹੋ ਗਿਆ ਸੀ।

"ਮਾਂ, ਮੇਰੇ ਹੱਥਾਂ 'ਚ ਪੀੜ ਹੋ ਰਹੀ ਹੈ" ਜ਼ੋਇਆ ਨੇ ਰੋ ਕੇ ਕਿਹਾ।

ਮਾਂ ਕੁਝ ਨਾ ਬੋਲੀ। ਉਹ ਜਾਣਦੀ ਸੀ ਕਿ ਇਸ ਦਰਦ ਦੇ ਕੀ ਅਰਥ ਹਨ, ਉਹਦੀ ਬੱਚੀ ਦੇ ਹੱਥ ਸਰਦੀ ਨਾਲ ਠਰ ਕੇ ਝੜ ਜਾਣਗੇ,

ਪਰ ਉਹ ਕੀ ਕਰ ਸਕਦੀ ਸੀ ? ਉਹ ਭਰੇ ਦਿਲ ਨਾਲ ਤੁਰੀ ਗਈ।

"ਮਾਂ, ਮੈਥੋਂ ਬਾਲ ਨਹੀਂ ਚੁਕਿਆ ਜਾਂਦਾ। ਇਹ ਮੇਰੇ ਹੱਥਾਂ 'ਚੋਂ ਭਿੱਜ ਭਿੱਜ ਪੈਂਦਾ ਹੈ ... ... ਹਾਏ, ਹੱਥ ਬਹੁਤ ਦੁਖਦੇ ਹਨ", ਵਿਚਾਰੀ ਜ਼ੋਇਆ, ਪੀੜ ਨਾਲ ਕੁਰਲਾ ਕੇ ਬੋਲੀ। ਮਾਂ ਨੇ ਭਰੇ ਹੋਏ ਗਲ ਨਾਲ ਆਖਿਆ, "ਇਹਨੂੰ ਬਰਫ ਤੇ ਸੁੱਟ ਦੇ।"

"ਪਰ ਏਦਾਂ ਕਰਨ ਨਾਲ ਇਹ ਮਰ ਜਾਏਗਾ ਮਾਂ !"

"ਇਹਨੂੰ ਬਰਫ ਤੇ ਸੁੱਟ ਦੇ", ਮਾਂ ਫੇਰ ਬੋਲੀ। ਹੁਣ ਉਹਦੇ ਪੈਰ ਹੋਰ ਵੀ ਹੌਲੀ ਹੌਲੀ ਉਠ ਰਹੇ ਸਨ। ਤੁਰਨਾ ਉਹਦੇ ਲਈ ਕਠਨ ਹੋ ਗਿਆ ਸੀ। ਹੁਣ ਉਹਨੇ ਫ਼ੈਸਲਾ ਕਰਨਾ ਸੀ ਕਿ ਉਹ ਉਹਨਾਂ ਦੋਹਾਂ ਬੱਚਿਆਂ ਦੀ ਜਾਨ ਬਚਾਵੇ, ਜਿਹੜੇ ਉਹਦੀ ਗੋਦੀ ਵਿਚ ਸਨ ਜਾਂ ਉਸ ਨੰਨ੍ਹੇ ਦੀ, ਜਿਹੜਾ ਜ਼ੋਇਆ ਤੋਂ ਚੁਕਿਆ ਨਹੀਂ ਸੀ ਜਾਂਦਾ। ਉਸ ਫ਼ੈਸਲਾ ਕਰ ਲਿਆ ਸੀ।

ਇਹਦੇ ਪਿਛੋਂ ਦਸ ਸਾਲ ਦੀ ਛੋਟੀ ਜ਼ੋਇਆ ਨੇ ਰੋ ਰੋ ਕੇ ਆਖਿਆ, "ਪਰ ਮੈਂ ਉਸ ਨੂੰ ਸੁੱਟਿਆ ਨਹੀਂ, ਸਗੋਂ ਬੜੇ ਹੀ ਧਿਆਨ ਨਾਲ ਉਹਨੂੰ ਬਰਫ ਤੇ ਲਿਟਾ ਦਿੱਤਾ ਸੀ।" ਬੱਚੇ ਨੇ ਕੋਈ ਵੀ ਆਵਾਜ਼ ਨਹੀਂ ਸੀ ਕੱਢੀ ਪਰ ਜ਼ੋਇਆ ਦੂਰ ਤਕ ਇਹੋ ਮਹਿਸੂਸ ਕਰਦੀ ਰਹੀ ਕਿ ਉਹ ਜ਼ੋਰ ਜ਼ੋਰ ਦੀ ਰੋ ਰਿਹਾ ਹੈ। ਸ਼ਾਇਦ ਉਹਦੇ ਕੰਨਾਂ ਵਿਚ ਬੱਚੇ ਦੇ ਰੋਣ ਦੀ ਆਵਾਜ਼ ਗੂੰਜ ਰਹੀ ਸੀ। ਉਹਨੇ ਕੰਨਾਂ ਤੇ ਹੱਥ ਰਖ ਲਏ, ਅਤੇ ਅਗੇ ਅਗੇ ਦੌੜਦੀ ਚਲੀ ਗਈ। ਉਸ ਦੇ ਪਿਛੇ ਦੋਹਾਂ ਬੱਚਿਆਂ ਨੂੰ ਚੁਕੀ ਉਹਦੀ ਮਾਂ ਹੌਲੀ ਹੌਲੀ ਤੁਰੀ ਆ ਰਹੀ ਸੀ।

ਫੇਰ ਉਹਨਾਂ ਦੇ ਨੇੜੇ ਇਕ ਗੋਲਾ ਆ ਕੇ ਫੱਟਿਆ ਅਤੇ ਇਨ੍ਹਾਂ ਤਿੰਨਾਂ—ਮਾਂ ਅਤੇ ਦੋਹਾਂ ਛੋਟੇ ਬੱਚਿਆਂ ਨੂੰ ਖ਼ਤਮ ਕਰ ਦਿੱਤਾ। ਮੌਤ ਨੇ ਇਸ ਦੁਖੀ ਮਾਂ ਉੱਤੇ ਨਾਜ਼ੀਆਂ ਨਾਲੋਂ ਬਹੁਤੀ ਦਯਾ ਕੀਤੀ। ਉਹਦੀ ਜਾਨ ਵੀ ਆਪਣੇ ਦੋਹਾਂ ਬੱਚਿਆਂ ਦੀ ਜਾਨ ਦੇ ਨਾਲ ਹੀ ਨਿਕਲ ਗਈ। ਹੁਣ ਉਹਨੂੰ ਦੁਬਾਰਾ ਏਨਾ ਦੁਖ-ਭਰਿਆ ਫ਼ੈਸਲਾ ਕਰਨਾ ਨਾ ਪਏਗਾ।

ਅਤੇ ਇਸ ਭਿਆਨਕ ਰਾਤ ਵਿਚ ਜ਼ੋਇਆ ਇਕੱਲੀ ਰਹਿ ਗਈ।

★

ਵੈ. ਕੋਣਿਨਿਨ

ਕਸੀਨੀਆ

ਇਕ ਰੂਸੀ ਪਿੰਡ ਉੱਤੇ ਜਰਮਨਾਂ ਨੇ ਕਬਜ਼ਾ ਕਰ ਲਿਆ ਸੀ। ਕੁਝ ਚਿਰ ਬਾਅਦ ਲਾਲ ਫ਼ੌਜ ਨੇ ਜੁਆਬੀ ਹਮਲਾ ਕਰ ਕੇ ਆਪਣਾ ਪਿੰਡ ਵਾਪਸ ਲੈ ਲਿਆ।

ਰੂਸੀ ਸਿਪਾਹੀ ਢਹਿ ਚੁਕੀਆਂ ਇਮਾਰਤਾਂ ਕੋਲੋਂ ਲੰਘ ਰਹੇ ਸਨ। ਗਲੀਆਂ ਵਿਚ ਮੌਤ ਪਈ ਵਸਦੀ ਸੀ। ਸ਼ੀਸ਼ੇ ਟੁਟੀਆਂ ਬਾਰੀਆਂ ਭੋਲੇ-ਹੀਣ ਅੱਖਾਂ ਵਾਂਗ ਜਾਪਦੀਆਂ ਸਨ। ਅਜ ਕੋਈ ਵੀ ਜਿਤ ਦੀ ਖ਼ੁਸ਼ੀ ਵਿਚ ਲਾਲ ਸਿਪਾਹੀਆਂ ਦਾ ਸਵਾਗਤ ਕਰਨ ਨਹੀਂ ਸੀ ਆਇਆ, ਪਰ ਕੋਲ ਪਈਆਂ ਲਾਸ਼ਾਂ ਦੀਆਂ ਅਨਬੁਲੀਂਦੀਆਂ ਅਵਾਜ਼ਾਂ ਉਨ੍ਹਾਂ ਨੂੰ ਅਗਾਂਹ ਵਧਣ ਲਈ ਪ੍ਰੇਰ ਰਹੀਆਂ ਸਨ।

ਜਦੋਂ ਉਹ ਇਕ ਜਲ ਰਹੇ ਮਕਾਨ ਕੋਲੋਂ ਲੰਘੇ ਤਾਂ ਉਨ੍ਹਾਂ ਨੂੰ ਕਿਸੇ ਜ਼ਨਾਨੀ ਦੇ ਕਰਾਹਣ ਦੀ ਅਵਾਜ਼ ਆਈ। ਲਾਲ ਸਿਪਾਹੀ ਉਸ ਮਕਾਨ ਵਲ ਵਧੇ ਅਤੇ ਇਕ ਦਮ ਬਾਰੀਆਂ ਭੰਨ ਕੇ ਅੰਦਰ ਜਾ ਵੜੇ। ਜਦੋਂ ਉਨ੍ਹਾਂ ਨੇ ਬਾਰੀ ਨੂੰ ਧਕਾ ਮਾਰਿਆ ਤਾਂ ਅੰਦਰ ਇਕ ਜ਼ਨਾਨੀ ਬਝੀ ਪਈ ਤਕੀ। ਇਸ ਦਾ ਸਾਰਾ ਸਰੀਰ ਅੱਗ ਨਾਲ ਝੁਲਸਿਆ ਹੋਇਆ ਸੀ, ਸਿਰਫ ਮੂੰਹ ਹੀ ਅਗ ਤੋਂ ਬਚ ਸਕਿਆ ਸੀ।

ਲਾਲ ਸਿਪਾਹੀਆਂ ਨੇ ਉਸ ਜ਼ਨਾਨੀ ਨੂੰ ਇਕ ਦਮ ਬਾਹਰ ਕਢ ਕੇ ਇਕ ਸਟਰੈਚਰ ਤੇ ਲਿਟਾ ਦਿੱਤਾ ਤਾਂ ਜੋ ਉਹ ਮੁੜ ਹੋਸ਼ ਵਿਚ ਆ ਜਾਵੇ। ਜਦੋਂ ਉਸ ਜ਼ਨਾਨੀ ਨੇ ਥੋੜੀਆਂ ਜਿਹੀਆਂ ਅੱਖਾਂ ਖੋਲ੍ਹੀਆਂ ਤਾਂ ਇਕ ਲਾਲ ਸਿਪਾਹੀ ਨੇ ਪੁਛਿਆ, "ਤੇਰਾ ਕੀ ਨਾਂ ਹੈ ?"

"ਕਸੀਨੀਆ, ਕਸੀਨੀਆ ਮੇਰਾ ਨਾਂ ... ...।" ਤੇ ਉਸ ਨੇ ਇਕ ਹੌਕਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.